19ਵਾਂ ਪ੍ਰਵਾਸੀ ਭਾਰਤੀ ਦਿਵਸ ਸੰਮੇਲਨ

19ਵੇਂ ਪ੍ਰਵਾਸੀ ਭਾਰਤੀ ਦਿਵਸ (ਪੀਬੀਡੀ) ਸੰਮੇਲਨ ਦੀ ਵੈੱਬਸਾਈਟ (pbdindia.gov.in) ਨੂੰ 11 ਨਵੰਬਰ, 2026 ਨੂੰ ਨਵੀਂ ਦਿੱਲੀ ਵਿਖੇ ਮਾਨਯੋਗ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ, ਸ਼੍ਰੀ ਸੁਵੇਂਡੂ ਅਧਿਕਾਰੀ ਵੱਲੋਂ ਸੰਯੁਕਤ ਤੌਰ 'ਤੇ ਲਾਂਚ ਕੀਤਾ ਗਿਆ। 19ਵਾਂ ਪੀਬੀਡੀ ਸੰਮੇਲਨ ਪੱਛਮੀ ਬੰਗਾਲ ਸਰਕਾਰ ਦੀ ਭਾਗੀਦਾਰੀ ਨਾਲ 7 ਤੋਂ 9 ਜਨਵਰੀ, 2027 ਤੱਕ ਕੋਲਕਾਤਾ, ਪੱਛਮੀ ਬੰਗਾਲ ਵਿੱਚ ਆਯੋਜਿਤ ਕੀਤਾ ਜਾਵੇਗਾ।

2. ਪ੍ਰਵਾਸੀ ਭਾਰਤੀ ਦਿਵਸ ਸੰਮੇਲਨ ਭਾਰਤ ਸਰਕਾਰ ਦਾ ਇੱਕ ਪ੍ਰਮੁੱਖ ਸਮਾਗਮ ਹੈ ਅਤੇ ਦੁਨੀਆ ਭਰ ਵਿੱਚ ਭਾਰਤੀ ਪ੍ਰਵਾਸੀਆਂ ਨਾਲ ਜੁੜਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕਰਦਾ ਹੈ। ਸਾਲਾਨਾ 9 ਜਨਵਰੀ ਨੂੰ ਮਨਾਇਆ ਜਾਣ ਵਾਲਾ ਪ੍ਰਵਾਸੀ ਭਾਰਤੀ ਦਿਵਸ 9 ਜਨਵਰੀ, 1915 ਨੂੰ ਮਹਾਤਮਾ ਗਾਂਧੀ ਦੇ ਦੱਖਣੀ ਅਫਰੀਕਾ ਤੋਂ ਭਾਰਤ ਵਾਪਸ ਪਰਤਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। 19ਵਾਂ ਪੀਬੀਡੀ ਸੰਮੇਲਨ ਦੁਨੀਆ ਭਰ ਦੇ ਭਾਰਤੀ ਪ੍ਰਵਾਸੀਆਂ ਨੂੰ ਆਪਣੀਆਂ ਉਪਲਬਧੀਆਂ ਦਾ ਜਸ਼ਨ ਮਨਾਉਣ, ਭਾਰਤ ਨਾਲ ਆਪਣੇ ਸੰਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੇਸ਼ ਦੇ ਵਾਧੇ ਅਤੇ ਵਿਕਾਸ ਵਿੱਚ ਉਨ੍ਹਾਂ ਦੇ ਨਿਰੰਤਰ ਰੁਝੇਵਿਆਂ ਅਤੇ ਯੋਗਦਾਨ ਦੇ ਤਰੀਕਿਆਂ ਦੀ ਪੜਚੋਲ ਕਰਨ ਲਈ ਇਕੱਠੇ ਕਰੇਗਾ।

3. 19ਵੇਂ ਪ੍ਰਵਾਸੀ ਭਾਰਤੀ ਦਿਵਸ ਸੰਮੇਲਨ ਦਾ ਵਿਸ਼ਾ, 'ਜੜ੍ਹਾਂ ਵੱਲ ਵਾਪਸੀ: ਭਾਰਤ ਨਾਲ ਪ੍ਰਵਾਸੀ ਭਾਈਚਾਰੇ ਦੇ ਸੰਬੰਧਾਂ ਨੂੰ ਮੁੜ ਸੁਰਜੀਤ ਕਰਨਾ', ਭਾਰਤੀ ਪ੍ਰਵਾਸੀਆਂ ਦੇ ਆਪਣੇ ਮਾਤ-ਭੂਮੀ ਨਾਲ ਡੂੰਘੇ ਸੱਭਿਅਕ, ਸੱਭਿਆਚਾਰਕ ਅਤੇ ਭਾਵਨਾਤਮਕ ਸੰਬੰਧਾਂ ਦਾ ਜਸ਼ਨ ਮਨਾਉਂਦਾ ਹੈ ਅਤੇ ਇਨ੍ਹਾਂ ਸਦੀਵੀ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਦਾ ਉਦੇਸ਼ ਪ੍ਰਵਾਸੀ ਭਾਰਤੀਆਂ ਦੀ ਅਗਲੀ ਪੀੜ੍ਹੀ ਲਈ ਆਪਣੀਆਂ ਜੜ੍ਹਾਂ ਨੂੰ ਮੁੜ ਖੋਜਣ, ਭਾਰਤ ਨਾਲ ਦੁਬਾਰਾ ਜੁੜਨ ਅਤੇ ਸਮਕਾਲੀ ਭਾਰਤ ਨਾਲ ਆਪਣੀ ਸ਼ਮੂਲੀਅਤ ਨੂੰ ਹੋਰ ਡੂੰਘਾ ਕਰਨ ਲਈ ਸਾਰਥਕ ਮੌਕੇ ਪੈਦਾ ਕਰਨਾ ਵੀ ਹੈ।

4. ਤਿੰਨ-ਰੋਜ਼ਾ ਸੰਮੇਲਨ ਦੀ ਸ਼ੁਰੂਆਤ ਯੁਵਾ ਪ੍ਰਵਾਸੀ ਭਾਰਤੀ ਦਿਵਸ ਨਾਲ ਹੋਵੇਗੀ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਸੰਮੇਲਨ ਦਾ ਉਦਘਾਟਨ ਕਰਨਗੇ। ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਕਰਨਗੇ ਅਤੇ ਪ੍ਰਤਿਸ਼ਠਾਵਾਨ ਪ੍ਰਵਾਸੀ ਭਾਰਤੀ ਸਨਮਾਨ ਪੁਰਸਕਾਰ ਪ੍ਰਦਾਨ ਕਰਨਗੇ। ਇਹ ਪੁਰਸਕਾਰ ਭਾਰਤੀ ਪ੍ਰਵਾਸੀ ਭਾਈਚਾਰੇ ਦੇ ਮੈਂਬਰਾਂ ਵੱਲੋਂ ਆਪਣੇ-ਆਪਣੇ ਖੇਤਰਾਂ ਵਿੱਚ ਪਾਏ ਗਏ ਅਸਾਧਾਰਨ ਯੋਗਦਾਨ ਅਤੇ ਵਿਸ਼ਵ ਭਾਈਚਾਰੇ ਨਾਲ ਭਾਰਤ ਦੀ ਸ਼ਮੂਲੀਅਤ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਮਾਨਤਾ ਦਿੰਦੇ ਹਨ।

5. ਪੀਬੀਡੀ ਵੈੱਬਸਾਈਟ ਦੇ ਨਾਲ-ਨਾਲ, ਇੱਕ ਪੀਬੀਡੀ ਵਿਸ਼ੇਸ਼ 'ਭਾਰਤ ਕੋ ਜਾਣੀਏ' (ਬੀਕੇਜੇ) ਕੁਇਜ਼ ਵੀ ਲਾਂਚ ਕੀਤਾ ਗਿਆ। ਇਹ ਨਵੇਂ ਰੂਪ ਵਾਲਾ ਕੁਇਜ਼ ਪ੍ਰਵਾਸੀ ਭਾਰਤੀਆਂ ਅਤੇ ਵਿਦੇਸ਼ੀਆਂ ਤੱਕ ਆਪਣੀ ਪਹੁੰਚ ਨੂੰ ਵਧਾਉਣ ਲਈ ਨਵੀਨਤਮ ਗੇਮਿੰਗ ਤਕਨੀਕ ਦਾ ਲਾਭ ਲੈਂਦਾ ਹੈ, ਜੋ ਭਾਗੀਦਾਰਾਂ ਨੂੰ ਭਾਰਤ ਦੀ ਵਿਰਾਸਤ, ਸੱਭਿਆਚਾਰ, ਕਲਾ ਅਤੇ ਸਮਕਾਲੀ ਪ੍ਰਾਪਤੀਆਂ ਨਾਲ ਜੋੜਦਾ ਹੈ। ਬੀਕੇਜੇ ਕੁਇਜ਼ ਭਾਰਤਵਰਸ ਐਪ ਅਤੇ ਵੈੱਬਸਾਈਟ (www.bkjquiz.com), 'ਤੇ ਉਪਲਬਧ ਹੈ ਜੋ ਇੱਕ "ਹਮੇਸ਼ਾ-ਚੱਲਣ ਵਾਲਾ 24x7" ਡਿਜ਼ੀਟਲ ਪਬਲਿਕ ਡਿਪਲੋਮੈਸੀ ਪਲੇਟਫਾਰਮ ਹੈ, ਜਿਸ ਵਿੱਚ ਕੁਇਜ਼, ਪਹੇਲੀਆਂ, ਕ੍ਰਾਸਵਰਡ, ਸ਼ਬਦ ਖੋਜ, ਬੁੱਝਣ ਵਾਲੀਆਂ ਗੇਮਸ

ਅਤੇ ਹੋਰ ਵੀ ਇੰਟਰਐਕਟਿਵ ਮੋਡੀਊਲ ਸ਼ਾਮਲ ਹਨ। ਪੀਬੀਡੀ ਵਿਸ਼ੇਸ਼ ਕੁਇਜ਼ 11 ਨਵੰਬਰ ਤੋਂ 20 ਦਸੰਬਰ, 2026 ਤੱਕ ਚੱਲੇਗਾ। ਤਿੰਨ ਸ਼੍ਰੇਣੀਆਂ - ਗੈਰ-ਨਿਵਾਸੀ ਭਾਰਤੀ (ਐਨਆਰਆਈ), ਭਾਰਤੀ ਮੂਲ ਦੇ ਲੋਕ (ਪੀਆਈਓ) ਅਤੇ ਵਿਦੇਸ਼ੀ - ਦੇ ਜੇਤੂਆਂ ਨੂੰ ਭਾਰਤ ਦੇ 10-ਦਿਨ ਦੇ ਵਿਸ਼ੇਸ਼ ਦੌਰੇ ਲਈ ਸੱਦਾ ਦਿੱਤਾ ਜਾਵੇਗਾ ਅਤੇ ਕੋਲਕੱਤਾ ਵਿੱਚ ਪੀਬੀਡੀ ਸਮਾਰੋਹਾਂ ਵਿੱਚ ਵੀ ਹਿੱਸਾ ਲੈਣਗੇ।

6. ਪੀਬੀਡੀ ਵੈੱਬਸਾਈਟ (pbdindia.gov.in) ਦੀ ਸ਼ੁਰੂਆਤ ਸੰਮੇਲਨ ਵਿੱਚ ਹਿੱਸਾ ਲੈਣ ਲਈ ਆਨਲਾਈਨ ਰਜਿਸਟਰੇਸ਼ਨ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ। ਇਹ ਵੈੱਬਸਾਈਟ ਸੰਭਾਵਿਤ ਭਾਗੀਦਾਰਾਂ ਲਈ ਇੱਕ ਵਿਆਪਕ ਜਾਣਕਾਰੀ ਅਤੇ ਸੁਵਿਧਾ ਪਲੇਟਫਾਰਮ ਦੇ ਰੂਪ ਵਿੱਚ ਕੰਮ ਕਰੇਗੀ ਜੋ ਉਨ੍ਹਾਂ ਦੀ ਭਾਗੀਦਾਰੀ ਨੂੰ ਆਸਾਨ ਬਣਾਉਣ ਲਈ ਸੰਮੇਲਨ, ਇਸ ਦੇ ਪ੍ਰੋਗਰਾਮ, ਰਜਿਸਟਰੇਸ਼ਨ ਪ੍ਰਕਿਰਿਆਵਾਂ, ਰਿਹਾਇਸ਼, ਲੌਜਿਸਟਿਕਸ ਅਤੇ ਹੋਰ ਸੰਬੰਧਿਤ ਵਿਵਸਥਾਵਾਂ ਪ੍ਰਦਾਨ ਕਰੇਗੀ।

ਨਵੀਂ ਦਿੱਲੀ

11 ਨਵੰਬਰ, 2026